# ਅੰਮ੍ਰਿਤ ਛਕੋ ਅਤੇ ਗੁਰੂ ਵਾਲੇ ਬਣੋ

## Amrit is must, to become a Gursikh

ਕੀ ਕੇਸਧਾਰੀ ਗੁਰੂ ਦਾ ਸਿੱਖ ਕਹਿਲਾ ਸਕਦਾ ਹੈ? ਕੀ ਸਿੱਖ ਲਈ ਗੁਰਬਾਣੀ ਦਾ ਅੰਮ੍ਰਿਤ ਛਕਣਾਂ ਜਰੂਰੀ ਹੈ? ਆਉ ਜਰਾ ਇਸ ਬਾਰੇ ਗੁਰਮਤਿ ਅਨੁਸਾਰ ਵਿਚਾਰ ਕਰੀਏ। ਅਸੀਂ ਹਰ ਰੋਜ, ਜਪੁਜੀ ਸਾਹਿਬ ਅਤੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੇ ਸ਼ੁਰੂ ਵਿਚ ਅਕਾਲ ਪੁਰਖ ਦੀ ਦਿੱਤੀ ਗਈ ਅਧੁਨਿਕ ਪਰਿਭਾਸ਼ਾ ਪੜ੍ਹਦੇ ਹਾਂ।

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (੧)**

ਗੁਰਬਾਣੀ ਅਨੁਸਾਰ ਅਕਾਲ ਪੁਰਖੁ ਇਕ ਹੈ ਤੇ ਸਿਰਫ ਇਕ ਹੀ ਹੈ। ਅਕਾਲ ਪੁਰਖੁ, ਗੁਰੂ ਦੀ ਕਿਰਪਾ (ਗੁਰ ਪ੍ਰਸਾਦਿ) ਨਾਲ ਹੀ ਪਾਇਆ ਜਾ ਸਕਦਾ ਹੈ। ਇਸ ਲਈ ਜੇਕਰ ਸਾਨੂੰ ਗੁਰੂ ਦੀ ਕਿਰਪਾ ਚਾਹੀਦੀ ਹੈ, ਤਾਂ ਸਾਨੂੰ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲਣਾਂ ਪਵੇਗਾ, ਗੁਰੂ ਸਾਹਿਬ ਦੇ ਦੱਸੇ ਹੋਏ ਮਾਰਗ ਤੇ ਚਲਣਾਂ ਪਵੇਗਾ। ਜੋ ਕੁਝ ਵੀ ਗੁਰੂ ਆਖਦਾ ਹੈ, ਉਸ ਨੂੰ ਆਪਣੇ ਵਾਸਤੇ ਭਲਾ ਸਮਝੋ। ਗੁਰਬਾਣੀ ਤਾਂ ਸਾਨੂੰ ਸਾਫ ਤੌਰ ਤੇ ਸਮਝਾਂਦੀ ਹੈ।

**ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ ॥ (੬੬੭-੬੬੮)**

ਗੁਰੂ ਕੌਣ ਹੈ? ਜਿਸ ਦੇ ਦੱਸੇ ਮਾਰਗ ਅਨੁਸਾਰ ਚਲਣਾਂ ਹੈ। ਗੁਰੂ ਗਰੰਥ ਸਾਹਿਬ ਅਨੁਸਾਰ ਬਾਣੀ ਹੀ ਗੁਰੂ ਹੈ। ਗੁਰੂ, ਬਾਣੀ ਵਿਚ ਮੌਜੂਦ ਹੈ। ਗੁਰੂ ਦੀ ਬਾਣੀ ਵਿਚ ਆਤਮਕ ਜੀਵਨ ਦੇਣ ਵਾਲਾ ਅੰਮ੍ਰਿਤੁ ਹੈ, ਜਿਸ ਨੂੰ ਗੁਰੂ ਦਾ ਸਿੱਖ ਹਰ ਵੇਲੇ ਆਪਣੇ ਹਿਰਦੇ ਵਿਚ ਸਾਂਭ ਕੇ ਰੱਖਦਾ ਹੈ। ਗੁਰੂ ਬਾਣੀ ਉਚਾਰਦਾ ਹੈ, ਗੁਰੂ ਦਾ ਸੇਵਕ ਉਸ ਬਾਣੀ ਉਤੇ ਸਰਧਾ ਧਾਰਦਾ ਹੈ। ਗੁਰੂ ਆਪਣੇ ਸਿੱਖ ਨੂੰ ਯਕੀਨੀ ਤੌਰ ਤੇ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ।

**ਨਟ ਮਹਲਾ ੪ ॥ ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥ (੯੮੨)**

ਨਾਮੁ ਰੂਪੀ ਅੰਮ੍ਰਿਤ ਬਾਣੀ ਦੇ ਸੁਣਨ ਨਾਲ, ਮਨੁੱਖ ਦੀ ਅਵਸਥਾ ਉੱਚੀ ਹੋ ਜਾਂਦੀ ਹੈ। ਗੁਰੂ ਦਾ ਦਰਸ਼ਨ ਕਰ ਕੇ, ਤ੍ਰਿਸ਼ਨਾ, ਈਰਖਾ ਆਦਿਕ ਦੀ ਸੜਨ ਬੁੱਝ ਜਾਂਦੀ ਹੈ। ਮਨੁੱਖ ਦਾ ਮਨ ਸ਼ਾਤ ਤੇ ਠੰਢਾ-ਠਾਰ ਹੋ ਜਾਂਦਾ ਹੈ ।

**ਮਾਝ ਮਹਲਾ ੫ ॥ ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥ ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ ॥੧॥ (੧੦੩)**

ਹਰੇਕ ਸਿੱਖ ਲਈ ਗੁਰਬਾਣੀ ਦਾ ਅੰਮ੍ਰਿਤ, ਮਨ, ਤਨ ਅਤੇ ਉੱਚੇ ਆਤਮਿਕ ਜੀਵਨ ਲਈ ਬਹੁਤ ਜਰੂਰੀ ਹੈ। ਗੁਰਬਾਣੀ ਦਾ ਅੰਮ੍ਰਿਤ ਮਨੁੱਖ ਨੂੰ ਸਚਿਆਰ ਬਣਨ ਲਈ ਸਹਾਇਤਾ ਕਰਦਾ ਹੈ, ਜਿਸ ਨਾਲ ਉਹ ਆਪਣੇ ਮਨ ਦੀ ਅਵਸਥਾ ਉੱਚੀ ਕਰ ਸਕਦਾ ਹੈ ਤੇ ਇਕ ਸਫਲ ਜੀਵਨ ਬਤੀਤ ਕਰ ਸਕਦਾ ਹੈ। ਗੁਰੂ ਨਾਲ ਪ੍ਰਣ ਕਰਨ ਲਈ ਅਤੇ ਆਪਣੇ ਇਰਾਦੇ ਤੇ ਪੱਕਾ ਰਹਿੰਣ ਲਈ ਖੰਡੇ ਬਾਟੇ ਕੀ ਪਾਹੁਲ ਜਰੂਰੀ ਹੈ। ਜਿਸ ਤਰ੍ਹਾਂ ਸਕੂਲ ਵਿਚ ਦੁਨਿਆਵੀ ਸਿਖਿਆ ਲੈਣ ਲਈ, ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਦਾਖਲਾ ਲੈਣਾਂ ਜਰੂਰੀ ਹੈ। ਇਸੇ ਤਰ੍ਹਾਂ ਖੰਡੇ ਬਾਟੇ ਕੀ ਪਾਹੁਲ, ਗੁਰੂ ਘਰ ਵਿਚ ਦਾਖਲਾ ਲੈਣ ਲਈ ਜਰੂਰੀ ਹੈ। ਇਸ ਦਾ ਸਬੰਧ ਸੰਸਾਰਕ ਰਿਵਾਇਤਾਂ ਨਾਲ ਹੈ। ਹਰੇਕ ਧਰਮ ਜਾਂ ਸੰਸਥਾ ਦੀ ਆਪਣੀ ਆਪਣੀ ਰਿਵਾਇਤ ਹੁੰਦੀ ਹੈ। ਧਰਮ ਵਿਚ ਦਾਖਲੇ ਵਾਸਤੇ ਹਿੰਦੂ ਲਈ ਜਨੇਊ, ਮੁਸਲਮਾਨ ਲਈ ਸੁਨੱਤ ਅਤੇ ਕਰਿਸ਼ਚੀਅਨ ਲਈ ਬਾਪੀਟਿਜ਼ਮ ਜਰੂਰੀ ਹੈ। ਇਸੇ ਤਰ੍ਹਾਂ ਸਿੱਖੀ ਵਿਚ ਦਾਖਲੇ ਲਈ, ਖੰਡੇ ਬਾਟੇ ਕੀ ਪਾਹੁਲ ਜਰੂਰੀ ਹੈ। ਪਹਿਲੇ ਗੁਰੂ ਸਾਹਿਬਾਂ ਦੇ ਸਮੇਂ ਚਰਨ ਪਾਹੁਲ ਦੀ ਰੀਤ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ੧੪ ਅਪਰੈਲ ੧੬੯੯ (ਗਰੀਗੋਰੀਅਨ) ਨੂੰ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾ ਕੀਤੀ। ਕਿਉਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰਗੱਦੀ ਪੂਰਨ ਤੌਰ ਤੇ ਸ਼ਬਦ ਗੁਰੂ, ਗੁਰੂ ਗਰੰਥ ਸਾਹਿਬ ਨੂੰ ਦੇਣੀ ਸੀ। ਇਸ ਲਈ ਉਨ੍ਹਾਂ ਨੇ ਚਰਨ ਪਾਹੁਲ ਦੀ ਰੀਤ ਬਦਲ ਕੇ ਖੰਡੇ ਬਾਟੇ ਕੀ ਪਾਹੁਲ ਦੀ ਰਿਵਾਇਤ ਸ਼ੁਰੂ ਕੀਤੀ। ਪੰਜ ਪਿਆਰੇ ਸਾਜਨ ਤੋਂ ਬਾਅਦ, ਗੁਰੂ ਸਾਹਿਬ ਉਨ੍ਹਾਂ ਅੱਗੇ ਹੱਥ ਜੋੜ ਕੇ ਆਪ ਖੜੇ ਹੋ ਗਏ ਅਤੇ ਬੇਨਤੀ ਕੀਤੀ, ਕਿ ਇਹ ਖੰਡੇ ਬਾਟੇ ਕੀ ਪਾਹੁਲ ਮੈਨੂੰ ਵੀ ਬਖ਼ਸ਼ੋ।

**ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ॥ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧॥ (੪੧-੧-੮)**

ਇਸ ਤੋਂ ਬਾਅਦ ਹਜ਼ਾਰਾਂ, ਸਿੰਘਾਂ ਸਿੰਘਣੀਆਂ ਨੇ, ਉਸੇ ਦਿਨ ਖੰਡੇ ਬਾਟੇ ਕੀ ਪਾਹੁਲ ਲਈ। ਜੇਕਰ ਸਿੱਖੀ ਵਿਚ ਦਾਖਲੇ ਲਈ ਖੰਡੇ ਬਾਟੇ ਕੀ ਪਾਹੁਲ ਜਰੂਰੀ ਨਾ ਹੁੰਦੀ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਕੀ ਜਰੂਰਤ ਸੀ? ਉਹ ਤਾਂ ਖੁਦ ਗੁਰੂ ਸਾਹਿਬ ਸਨ। **ਜੇਕਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਲਈ ਖੰਡੇ ਬਾਟੇ ਕੀ ਪਾਹੁਲ ਨੂੰ ਜਰੂਰੀ ਸਮਝਿਆ ਸੀ, ਤਾਂ ਹਰੇਕ ਸਿੱਖ ਲਈ ਇਹ ਜਰੂਰੀ ਹੋ ਜਾਂਦਾ ਹੈ।**

ਜਿਹੜਾ ਮਨੁੱਖ ਗੁਰੂ ਦਾ ਹੁਕਮ ਮੰਨ ਲੈਂਦਾ ਹੈ, ਉਹ ਅਕਾਲ ਪੁਰਖੁ ਦੇ ਦਰ ਤੇ ਪ੍ਰਵਾਨ ਹੋ ਜਾਂਦਾ ਹੈ। ਜਦੋਂ ਸੇਵਕ ਉਹੀ ਕੰਮ ਕਰਦਾ ਹੈ, ਜੋ ਗੁਰੂ ਨੂੰ ਚੰਗਾ ਲੱਗਦਾ ਹੈ, ਤਾਂ ਉਸ ਨੂੰ ਮਨ-ਭਾਉਂਦਾ ਫਲ ਮਿਲ ਜਾਂਦਾ ਹੈ, ਅਤੇ ਉਹ ਅਕਾਲ ਪੁਰਖੁ ਦੀ ਦਰਗਾਹ ਵਿਚ ਇੱਜ਼ਤ ਨਾਲ ਰਹਿੰਦਾ ਹੈ।

**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ ਤਾ ਦਰਗਹ ਪੈਧਾ ਜਾਇਸੀ ॥ ੧੫ ॥ (੪੭੧)**

ਜੇਕਰ ਪੁੱਤਰ ਪਿਤਾ ਲਈ ਮਕਾਨ ਅਤੇ ਸੇਜ਼ ਤਾਂ ਬਹੁਤ ਹੀ ਸੁੰਦਰ ਬਣਾ ਦੇਂਦਾ ਹੈ। ਪਰੰਤੂ ਪਿਤਾ ਦਾ ਹੁਕਮ ਨਹੀਂ ਮੰਨਦਾ ਹੈ, ਤਾਂ ਉਹ ਪਿਤਾ ਦੇ ਹਿਰਦੇ ਤੋਂ ਮਿਹਰ ਨਹੀਂ ਲੈ ਸਕਦਾ ਹੈ। ਇਸੇ ਤਰ੍ਹਾਂ ਜਿਹੜਾ ਗੁਰੂ ਨੂੰ ਖੁਸ਼ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਰੀਤੀ ਰਿਵਾਜ਼, ਪੁੰਨ ਦਾਨ ਤਾਂ ਬਹੁਤ ਕਰਦਾ ਰਹਿੰਦਾ ਹੈ, ਪਰੰਤੂ ਗੁਰੂ ਦਾ ਹੁਕਮ ਨਹੀਂ ਮੰਨਦਾ ਹੈ, ਗੁਰੂ ਦੇ ਬਚਨ ਆਪਣੇ ਮਨ ਵਿਚ ਨਹੀਂ ਵਸਾਉਂਦਾ ਹੈ ਅਤੇ ਗੁਰੂ ਤੋਂ ਬੇਮੁਖ ਰਹਿੰਦਾ ਹੈ। ਉਹ ਅਕਾਲ ਪੁਰਖੁ ਦੇ ਦਰ ਤੇ ਕਦੇ ਪ੍ਰਵਾਨ ਨਹੀਂ ਹੋ ਸਕਦਾ ਹੈ। ਉਹ ਤਾਂ ਨਰਕਾਂ ਦਾ ਭਾਗੀ ਹੀ ਹੁੰਦਾਂ ਹੈ ਅਤੇ ਸਦਾ ਦੁਖੀ ਹੀ ਰਹਿੰਦਾ ਹੈ।

**ਪ੍ਰਭਾਤੀ ਮਹਲਾ ੩ ॥ ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥ ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥ ੪ ॥ (੧੩੩੪)**

**ਸਿੱਖ ਧਰਮ ਅਨੁਸਾਰ ਕੋਈ ਵੀ ਜਨਮ ਕਰਕੇ, ਆਪਣੇ ਆਪ ਨੂੰ ਸਿੱਖ ਨਹੀਂ ਕਹਿਲਾ ਸਕਦਾ ਹੈ।** ਗੁਰੂ ਦੇ ਸਿੱਖ ਬਣਨ ਲਈ ਸਿੱਖੀ ਵਿਚ ਦਾਖਲਾ ਲੈਂਣਾ ਅਤੇ ਗੁਰਮਤਿ ਨੂੰ ਜੀਵਨ ਦਾ ਅੰਗ ਬਣਾਉਣਾ ਬਹੁਤ ਜਰੂਰੀ ਹੈ। ਇਕੱਲੇ ਕੇਸ ਧਾਰੀ ਨੂੰ ਤਾਂ ਗੁਰੂ ਸਾਹਿਬ ਨੇ ਭੇਖੀ ਅਤੇ ਮੂਰਖ ਸਿਖ ਕਿਹਾ ਹੈ। **ਸਿੱਖ ਨੇ ਇਕੱਲੇ ਕੇਸਧਾਰੀ ਨਹੀਂ ਰਹਿੰਣਾਂ ਹੈ। ਸਿੱਖ ਲਈ ਖੰਡੇ ਬਾਟੇ ਕੀ ਪਾਹੁਲ ਲੈਂਣੀ ਜਰੂਰੀ ਹੈ।**

**ਧਰੇ ਕੇਸ ਪਾਹੁਲ ਬਿਨ ਭੇਖੀ ਮੂਰਖ ਸਿਖ, ਮੇਰਾ ਦਰਸ਼ਨ ਨਾਹਿ ਤਿਸ ਪਾਪੀ ਤਿਆਗੇ ਭਿਖ॥**

ਸਿਰਫ ਖੰਡੇ ਬਾਟੇ ਕੀ ਪਾਹੁਲ ਲੈਂਣੀ ਹੀ ਕਾਫੀ ਨਹੀਂ। ਇਸ ਦੇ ਨਾਲ ਨਾਲ ਸਿੱਖ ਦਾ ਗੁਰੂ ਗਰੰਥ ਸਾਹਿਬ ਵਿਚ ਸਮਝਾਈ ਗਈ ਰਹਿਤ ਮਰਯਾਦਾ ਅਨੁਸਾਰ ਚਲਣਾਂ ਵੀ ਬਹੁਤ ਜਰੂਰੀ ਹੈ। ਗੁਰਬਾਣੀ ਨੂੰ ਹਿਰਦੇ ਵਿਚ ਵਸਾਉਣਾਂ ਹੈ। ਗੁਰੂ ਸਾਹਿਬ ਤਾਂ ਇਥੋਂ ਤੱਕ ਕਹਿੰਦੇ ਹਨ।

**ਰਹਿਤ ਪਿਆਰੀ ਮੁਝ ਕਉ, ਸਿਖ ਪਿਆਰਾ ਨਾਹਿ ॥ ਰਹਿਣੀ ਰਹੈ ਸੋਈ ਸਿਖ ਮੇਰਾ। ਓਹੁ ਸਾਹਿਬ ਮੈ ਉਸ ਕਾ ਚੇਰਾ। ਰਹਿਤ ਬਿਨਾਂ ਨਹਿ ਸਿਖ ਕਹਾਵੈ, ਰਹਿਤ ਬਿਨਾਂ ਦਰ ਚੋਟਾਂ ਖਾਵੈ। ਰਹਿਤ ਬਿਨ ਸੁਖ ਕਬਹੂੰ ਨ ਲਹੇ। ਤਾਂ ਤੇ ਰਹਿਤ ਸੁ ਦ੍ਰਿੜ ਕਰ ਰਹੈ। (ਰਹਿਤਨਾਮਾ ਭਾਈ ਦੇਸਾ ਸਿੰਘ ਜੀ) (ਪੋਥੀ ੧੦੧੫)**

**ਜਦੋਂ ਗੁਰੂ ਦਾ ਸਿੱਖ ਗੁਰੂ ਗਰੰਥ ਸਾਹਿਬ ਵਿਚ ਸਮਝਾਈ ਗਈ, ਰਹਿਤ ਮਰਯਾਦਾ ਅਨੁਸਾਰ ਚਲਦਾ ਹੈ। ਤਾਂ ਉਸ ਦੇ ਅੰਦਰੋਂ ਸਾਰੇ ਭਰਮ ਦੂਰ ਹੋ ਜਾਂਦੇ ਹਨ। ਗੁਰੂ ਦਾ ਸਿੱਖ ਭੇਖੀ ਜੀਵਨ ਤੋਂ ਉਪਰ ਉਠ ਕੇ ਨਿਆਰੇ ਪਨ ਵਿਚ ਰਹਿੰਦਾਂ ਹੈ। ਇਹ ਖ਼ਾਲਸੇ ਦੇ ਕੁਝ ਗੁਣਾਂ ਵਿਚੋਂ ਹਨ। ਇਹ ਸਭ ਗੁਣ ਹਾਸਲ ਕਰਕੇ, ਖ਼ਾਲਸਾ, ਗੁਰੂ ਦਾ ਰੂਪ ਹੋ ਜਾਂਦਾ ਹੈ।**

**ਖ਼ਾਲਸਾ ਖ਼ਾਸ ਕਹਾਵੈ ਸੋਈ, ਜਾਂ ਕੇ ਹਿਰਦੇ ਭਰਮ ਨ ਹੋਈ। ਭਰਮ ਭੇਖ ਤੇ ਰਹੈ ਨਿਆਰਾ, ਸੋ ਖ਼ਾਲਸ ਸਤਿਗੁਰੂ ਹਮਾਰਾ। (ਸੈਨਾਪਤਿ ਕ੍ਰਿਤ ਗੁਰ ਸੋਭਾ ਚੋਂ) (ਪੋਥੀ ੧੦੧੫)**

ਗੁਰਬਾਣੀ ਅਨੁਸਾਰ, ਗੁਰੂ ਜਿਥੇ ਵੀ ਜਾ ਕੇ ਬੈਠਦਾ ਹੈ, ਉਹ ਹਿਰਦਾ ਭੀ ਸੁਹਾਵਨਾ ਬਣ ਜਾਂਦਾ ਹੈ। ਇਸੇ ਲਈ ਜਿਥੇ ਭੀ ਗੁਰੂ ਸਾਹਿਬਾਂ ਦੀ ਯਾਦ ਵਿਚ ਅਸਥਾਨ ਬਣੇ, ਉਹ ਅਸਥਾਨ ਭੀ ਸਾਹਿਬ ਕਰਕੇ ਸਤਿਕਾਰੇ ਜਾਂਦੇ ਹਨ। ਜਿਸ ਲਕੜੀ ਉਪਰ ਗੁਰੂ ਮਹਾਰਾਜ ਦਾ ਪ੍ਰਕਾਸ਼ ਕੀਤਾ ਜਾਂਦਾ ਹੈ, ਉਹ ਪੀੜਾ ਸਾਹਿਬ ਬਣ ਜਾਂਦਾ ਹੈ। ਕਪੜਾ, ਰੁਮਾਲਾ ਸਾਹਿਬ ਜਾਂ ਨਿਸ਼ਾਨ ਸਾਹਿਬ ਬਣ ਜਾਂਦਾ ਹੈ। ਇਸ ਲਈ ਜਿਸ ਮਨੱਖੁ ਦੇ ਅੰਦਰ, ਗੁਰੂ ਹੋਵੇ ਤਾਂ ਉਹ ਵੀ ਸਾਹਿਬ ਦਾ ਰੂਪ ਹੀ ਹੋ ਜਾਂਦਾ ਹੈ। ਜਦੋਂ ਸਿੱਖ ਖੰਡੇ ਬਾਟੇ ਕੀ ਪਾਹੁਲ ਲੈ ਕੇ ਰਹਿਤ ਮਰਯਾਦਾ ਅਨੁਸਾਰ ਰਹਿੰਦਾ ਹੈ ਤਾਂ ਉਹ ਗੁਰੂ ਦਾ ਖਾਸ ਰੂਪ ਬਣ ਜਾਂਦਾ ਹੈ।

**ਖ਼ਾਲਸਾ ਮੇਰੋ ਰੂਪ ਹੈ ਖਾਸ ॥ ਖ਼ਾਲਸੇ ਮੈਂ ਹੌਂ ਕਰੋਂ ਨਿਵਾਸ ॥ ਖ਼ਾਲਸਾ ਮੇਰੋ ਮੁਖ ਹੈ ਅੰਗਾ ॥ ਖ਼ਾਲਸੇ ਕੇ ਹੌਂ ਸਦ ਸਦ ਸੰਗਾ ॥ (ਪੋਥੀ ੨੯੧-੨੯੨)**

ਜਿਥੇ ਗੁਰੂ ਮਹਾਰਾਜ ਨੇ ਖ਼ਾਲਸੇ ਨੂੰ ਇਤਨਾਂ ਮਾਣ ਅਤੇ ਸਤਿਕਾਰ ਦਿਤਾ ਹੈ। ਉਸ ਦੇ ਨਾਲ ਨਾਲ ਚਿਤਾਵਨੀ ਵੀ ਦਿਤੀ ਹੈ। ਇਹ ਮਾਣ ਅਤੇ ਸਤਿਕਾਰ ਉਦੋਂ ਤੱਕ ਹੀ ਕਾਇਮ ਰਹੇਗਾ, ਜਦੋਂ ਤੱਕ ਖ਼ਾਲਸਾ ਆਪਣਾ ਨਿਆਰਾ ਪਨ ਕਾਇਮ ਰੱਖਦਾ ਹੈ। ਜਦੋਂ ਇਹ ਬਿਪਰਨ ਦੀ ਰੀਤ ਤੇ ਚਲਣ ਲੱਗ ਪਵੇਗਾ ਤਾਂ ਗੁਰੂ ਇਸ ਦੀ ਕੋਈ ਪ੍ਰਤੀਤ ਨਹੀਂ ਕਰੇਗਾ।

**ਖ਼ਾਲਸਾ ਅਕਾਲ ਪੁਰਖ ਕੀ ਫੌਜ ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ॥ ਜਬ ਲਗ ਖ਼ਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥ ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪ੍ਰਤੀਤ ॥ (ਪੋਥੀ ੨੯੧-੨੯੨)**

**ਗੁਰੂ ਗਰੰਥ ਸਾਹਿਬ ਅਨੁਸਾਰ ਅਕਾਲ ਪੁਰਖੁ ਵੀ ਇਕ ਹੈ ਅਤੇ ਅੰਮ੍ਰਿਤੁ ਵੀ ਇਕ ਹੀ ਹੈ।** ਜਿਨ੍ਹਾਂ ਮਨੁੱਖਾਂ ਨੂੰ ਗੁਰਬਾਣੀ ਦੁਆਰਾ ਅਕਾਲ ਪੁਰਖੁ ਦਾ ਨਾਮੁ ਤੇ ਅਕਾਲ ਪੁਰਖੁ ਦੇ ਗੁਣ ਗਾਇਨ ਕਰਨ ਸੁਭਾਗ ਮਿਲਿਆ ਹੈ। ਉਹ ਆਪਣੇ ਮਨ ਵਿਚ, ਅਕਾਲ ਪੁਰਖੁ ਦੇ ਨਾਮੁ ਦੇ

ਰੰਗ ਵਿਚ ਰੰਗੇ ਰਹਿੰਦੇ ਹਨ। ਉਨ੍ਹਾਂ ਲਈ ਇਕ ਨਾਮੁ ਹੀ ਅੰਮ੍ਰਿਤ ਹੈ। ਹੋਰ ਕਿਸੇ ਚੀਜ਼ ਨੂੰ, ਉਹ ਅੰਮ੍ਰਿਤ ਨਹੀਂ ਮੰਨਦੇ ਹਨ। ਇਹ ਨਾਮੁ ਅੰਮ੍ਰਿਤ, ਹਰੇਕ ਮਨੁੱਖ ਦੇ ਮਨ ਵਿਚ ਭੀ ਹੈ। **ਪਰੰਤੂ, ਅੰਮ੍ਰਿਤ ਗੁਰੂ ਦੀ ਕਿਰਪਾ (ਗੁਰ ਪ੍ਰਸਾਦਿ) ਨਾਲ ਹੀ ਪਾਇਆ ਜਾ ਸਕਦਾ ਹੈ।**

**ਸਲੋਕ ਮਹਲਾ ੨ ॥ ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥ ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥ ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥ ਤਿਨ੍ਹੀ ਪੀਤਾ ਰੰਗ ਸਿਉ ਜਿਨ੍ਹ ਕਉ ਲਿਖਿਆ ਆਦਿ ॥੧॥ (੧੨੩੮-੧੨੩੯)**

ਜਿਸ ਤਰ੍ਹਾਂ ਇਕ ਪੈਂਨ ਸਿਹਾਈ ਤੋਂ ਬਿਨਾਂ ਕਿਸੇ ਕੰਮ ਦਾ ਨਹੀਂ ਹੁੰਦਾ ਹੈ। ਠੀਕ ਇਸੇ ਤਰ੍ਹਾਂ ਇਹ ਮਨੁੱਖਾ ਸਰੀਰ, ਅਕਾਲ ਪੁਰਖੁ ਦੇ ਨਾਮੁ (ਅੰਮ੍ਰਿਤ) ਤੋਂ ਬਿਨਾਂ ਕਿਸੇ ਕੰਮ ਦਾ ਨਹੀਂ ਹੈ। **ਜਿਹੜਾ ਮਨੁੱਖ ਪੂਰੇ ਗੁਰੂ ਦੇ ਦੱਸੇ ਰਸਤੇ ਉਤੇ ਨਹੀਂ ਤੁਰਦਾ ਹੈ, ਉਹ ਕੁਰਾਹੇ ਪੈਣ ਕਰਕੇ, ਬਦਨਾਮੀ ਹੀ ਖੱਟਦਾ ਹੈ।** ਬਾਬਾ ਅਮਰ ਦਾਸ ਜੀ ੨੦ ਸਾਲ ਗੰਗਾ ਦੀ ਯਾਤਰਾ ਕਰਦੇ ਰਹੇ, ਪਰੰਤੂ ਮਨ ਦੀ ਸ਼ਾਤੀ ਨਹੀਂ ਮਿਲੀ। ਜਦੋਂ ਕਿਸੇ ਸਾਧੂ ਨੇ ਨਿਗੁਰਾ ਹੋਣ ਦੀ ਠੋਕਰ ਮਾਰੀ, ਤਾਂ ੬੨ ਸਾਲ ਦੀ ਉਮਰ ਵਿਚ, ਗੁਰੂ ਅੰਗਦ ਸਾਹਿਬ ਦੀ ਸ਼ਰਨ ਵਿਚ ਆਏ। ਬਾਬਾ ਅਮਰ ਦਾਸ ਜੀ ਨੇ ਲਗਾਤਾਰ ੧੨ ਸਾਲ, ਗੁਰਬਾਣੀ ਅਨੁਸਾਰ ਗੁਰੂ ਘਰ ਦੀ ਸੇਵਾ ਕੀਤੀ ਅਤੇ ੭੩ ਸਾਲ ਦੀ ਉਮਰ ਵਿਚ ਗੁਰਗੱਦੀ ਪ੍ਰਾਪਤ ਕੀਤੀ।

**ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥ (੪੩੫)**

**ਜੇ ਪੁੱਤਰ ਗਲਤੀ ਕਰ ਦੇਂਦਾ ਹੈ। ਤਾਂ ਮਾਂ ਮਾਫ ਕਰ ਦੇਂਦੀ ਹੈ ਅਤੇ ਉਸ ਦੀ ਰੱਖਿਆ ਵੀ ਕਰਦੀ ਹੈ।** ਜੇਕਰ ਗੁਰੂ ਦੇ ਪੁੱਤਰ ਬਣ ਜਾਓ, ਤਾਂ ਗੁਰੂ ਵੀ ਛੋਟੀ ਮੋਟੀ ਗਲਤੀ ਮਾਫ ਕਰ ਦੇਂਦਾ ਹੈ। ਕੰਗਾਂ, ਕ੍ਰਿਪਾਨ ਕਿਸੇ ਕਾਰਣ, ਅਣਜਾਨੇ ਵਿਚ ਕੁਝ ਅੱਗੇ ਪਿਛੇ ਹੋ ਜਾਏ ਤਾਂ ਇਤਨਾਂ ਵੱਡਾ ਅਪਰਾਧ ਨਹੀਂ ਹੈ। ਪਰੰਤੂ ਕੇਸਾਂ ਦੀ ਬੇਅਦਬੀ ਬਿਲਕੁਲ ਪਰਵਾਨ ਨਹੀਂ ਹੈ। ਭਾਈ ਤਾਰੂ ਸਿੰਘ ਜੀ ਨੇ ਕੇਸਾਂ ਸਮੇਤ ਖੋਪਰੀ ਉਤਰਵਾ ਲਈ, ਪਰੰਤੂ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ। ਜਿਸ ਤਰ੍ਹਾਂ ਫੌਜ਼, ਪੁਲੀਸ ਅਤੇ ਸਕੂਲ ਵਿਚ ਅਨੁਸਾਸ਼ਨ ਕਾਇਮ ਰੱਖਣ ਲਈ ਪੁਸ਼ਾਕ (ਡਰੈਸ) ਜਰੂਰੀ ਹੈ। **ਇਸੇ ਤਰ੍ਹਾਂ ਪੰਜ ਕਕਾਰ ਸਿੱਖੀ ਦੇ ਅਸੂਲਾਂ ਤੇ ਚਲਣ ਲਈ ਜਰੂਰੀ ਹਨ।** ਆਮ ਤੌਰ ਤੇ ਮਤਰੇਈ ਮਾਂ, ਪੁੱਤਰ ਦੀ ਗਲਤੀ ਮਾਫ ਨਹੀਂ ਕਰਦੀ ਹੈ। **ਜੇਕਰ ਗੁਰੂ ਦੇ ਪੁੱਤਰ ਹੀ ਨਹੀਂ, ਗੁਰੂ ਨਾਲ ਸਬੰਧ ਹੀ ਨਹੀਂ, ਫਿਰ ਮਾਫੀ ਕਿਸ ਗੱਲ ਦੀ?** ਜੇਕਰ ਗੁਰੂ ਦਾ ਅੰਮ੍ਰਿਤ ਨਹੀਂ ਛਕਿਆ ਹੈ ਤਾਂ ਫਿਰ ਮਾਫੀ ਦੀ ਆਸ ਗੁਰੂ ਕੋਲੋ ਕਿਉ ਕਰਦੇ ਹੋ? ਕਿਸੇ ਹੋਰ ਕੋਲੋ ਲੱਭੋ। ਇਸ ਲਈ ਗੁਰੂ ਦੇ ਮਤਰੇਏ ਪੁੱਤਰ ਨਾ ਰਹੋ। ਅਸਲੀ ਪੁੱਤਰ ਬਣ ਜਾਉ। ਭਾਈ ਡੱਲਾ ਪੀੜੀ ਜਿੰਨੀ ਥਾਂ ਮੰਗ ਰਿਹਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਿਹਾ ਕਿ ਗੁਰਬਾਣੀ ਦੇ ਅੰਮ੍ਰਿਤ ਬਿਨਾ ਸੂਈ ਜਿੰਨੀ ਥਾਂ ਵੀ ਨਹੀਂ ਮਿਲਣੀ। ਗੁਰਬਾਣੀ ਦਾ ਅੰਮ੍ਰਿਤ ਛਕ ਕੇ ਜਿੰਨੀ ਮਰਜ਼ੀ ਥਾਂ ਲੈ ਲਉ।

**ਆਸਾ ॥ ਸੁਤੁ ਅਪਰਾਧ ਕਰਤ ਹੈ ਜੇਤੇ ॥ ਜਨਨੀ ਚੀਤਿ ਨ ਰਾਖਸਿ ਤੇਤੇ ॥੧॥ ਰਾਮਈਆ ਹਉ ਬਾਰਿਕੁ ਤੇਰਾ ॥ ਕਾਹੇ ਨ ਖੰਡਸਿ ਅਵਗਨੁ ਮੇਰਾ ॥੧॥ ਰਹਾਉ॥ (੪੭੮)**

ਗੁਰੂ ਘਰ ਵਿਚ ਦਾਖਲਾ ਲੈਣ ਦੇ ਨਾਲ ਨਾਲ, ਨਾਮੁ ਰੂਪੀ ਅੰਮ੍ਰਿਤ ਬਾਣੀ ਨੂੰ ਵੀ ਹਿਰਦੇ ਵਿਚ ਵਸਾਉਣਾਂ ਹੈ। ਜਿਸ ਨੇ ਅੰਮ੍ਰਿਤ ਬਾਣੀ ਨੂੰ ਹਿਰਦੇ ਵਿਚ ਵਸਾ ਲਿਆ, ਉਹ ਸਦਾ ਅੰਦਰੋਂ ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ। ਉਸ ਨੂੰ ਇਤਨਾ ਰਸ ਆਉਂਦਾ ਹੈ, ਕਿ ਫਿਰ ਉਹ ਅਕਾਲ ਪੁਰਖੁ ਦੇ ਨਾਮੁ ਰੂਪੀ ਅੰਮ੍ਰਿਤ ਨੂੰ ਛੱਡ ਨਹੀਂ ਸਕਦਾ ਹੈ। ਉਹ ਮਨੁੱਖ ਆਤਮਕ ਜੀਵਨ ਦੇਣ ਵਾਲਾ ਨਾਮ ਰੂਪੀ ਅੰਮ੍ਰਿਤ ਪੀ ਕੇ ਮਾਇਆ ਦੀ ਭੁੱਖ ਵਲੋਂ ਰੱਜ ਜਾਂਦਾ ਹੈ। ਉਸ ਨੂੰ ਫਿਰ ਕਦੇ ਕੋਈ ਦੁਖ ਪੋਹ ਨਹੀਂ ਸਕਦਾ ਹੈ।

**ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥ ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥੨॥ {੮੦੮}**

ਅਕਾਲ ਪੁਰਖੁ ਦਾ ਨਾਮੁ ਐਸਾ ਅੰਮ੍ਰਿਤ ਹੈ, ਜਿਸ ਨੂੰ ਪੀਤਿਆਂ ਮਾਇਆ ਦੀ ਤ੍ਰੇਹ ਮਿਟ ਜਾਂਦੀ ਹੈ। ਜਿਨ੍ਹਾਂ ਬੰਦਿਆਂ ਨੇ ਗੁਰੂ ਦੇ ਸਨਮੁੱਖ ਹੋ ਕੇ ਨਾਮੁ ਰੂਪੀ ਅੰਮ੍ਰਿਤ ਪੀਤਾ ਹੈ, ਉਨ੍ਹਾਂ ਨੂੰ ਮੁੜ ਕੇ ਮਾਇਆ ਦੀ ਤ੍ਰੇਹ ਨਹੀਂ ਲੱਗਦੀ ਹੈ।

**ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ ॥ ਨਾਨਕ ਗੁਰਮੁਖਿ ਜਿਨ੍ਹ ਪੀਆ ਤਿਨ੍ਹ ਬਹੁੜਿ ਨ ਲਾਗੀ ਆਇ ॥੧॥ (ਪੰਨਾ ੧੨੮੩)**

ਕਈ ਵੀਰ ਇਹ ਹੀ ਵਿਚਾਰਦੇ ਰਹਿ ਜਾਂਦੇ ਹਨ, ਕਿ ਅਜੇ ਤਾਂ ਬਹੁਤ ਸਮਾਂ ਹੈ। ਫਿਰ ਕਦੀ ਗੁਰਬਾਣੀ ਦੇ ਅੰਮ੍ਰਿਤ ਦੀ ਦਾਤ ਲੈ ਲਵਾਂਗੇ। ਬੁਢਾਪੇ ਵਿਚ ਭਗਤੀ ਕਰ ਲਵਾਂਗੇ। ਪਰੰਤੂ ਇਸ ਤਰ੍ਹਾਂ ਦਾ ਸਮਾਂ, ਫਿਰ ਕਦੀ ਨਹੀਂ ਆਉਂਦਾ ਹੈ। ਬੁਢਾਪੇ ਵਿਚ ਤਾਂ ਸਰੀਰ ਦੇ ਅੰਗ ਵੀ ਹੌਲੀ ਹੌਲੀ ਸਾਥ ਛੱਡ ਦੇਂਦੇ ਹਨ। ਇਸ ਲਈ ਗੁਰਬਾਣੀ ਦੇ ਅੰਮ੍ਰਿਤ ਦੀ ਦਾਤ ਬਚਪਨ ਜਾਂ ਜਵਾਨੀ ਵਿਚ ਹੀ ਲੈ ਲੈਂਣੀ ਚਾਹੀਦੀ ਹੈ। ਦੇਰੀ ਕਰਨ ਨਾਲ ਆਪਣਾ ਹੀ ਨੁਕਸਾਨ ਹੁੰਦਾਂ ਹੈ। ਇਕ ਵਾਰੀ ਦਾ ਬੀਤਿਆ ਸਮਾਂ ਦੁਬਾਰਾ ਵਾਪਿਸ ਨਹੀਂ ਆਉਂਦਾ ਹੈ। ਹਰ ਵੇਲੇ ਹੀ ਅਕਾਲ ਪੁਰਖੁ ਦੇ ਨਾਮ ਰੂਪੀ ਰੰਗ ਵਿਚ ਰੰਗੇ ਰਿਹਾਂ, ਸਦਾ ਥਿਰ ਰਹਿੰਣ ਵਾਲੇ ਅਕਾਲ ਪੁਰਖੁ ਦਾ ਰੂਪ ਹੋ ਜਾਈਦਾ ਹੈ। ਤੇ ਸਦਾ ਥਿਰ ਰਹਿਣ ਵਾਲੀ ਸੋਭਾ ਮਿਲਦੀ ਹੈ। ਅਕਾਲ ਪੁਰਖੁ ਦੇ ਨਾਲ ਜੁੜਿਆਂ ਮਨ ਸ਼ਾਂਤ ਹੋ ਜਾਂਦਾ ਹੈ, ਅਤੇ ਸਰੀਰ ਭੀ ਸ਼ਾਂਤ ਹੋ ਜਾਂਦਾ ਹੈ। ਸਦਾ ਥਿਰ ਰਹਿਣ ਵਾਲੀ ਅਕਾਲ ਪੁਰਖੁ ਦੀ ਭਗਤੀ ਤਾਂ ਹੀ ਹੋ ਸਕਦੀ ਹੈ, ਜੇਕਰ ਸਿਮਰਨ ਦੀ ਬਰਕਤ ਨਾਲ ਅਕਾਲ ਪੁਰਖੁ ਮਨੁੱਖ ਦੇ ਮਨ ਵਿਚ ਆ ਵੱਸੇ। ਸਤਿਗੁਰੂ ਦਾ ਸ਼ਬਦ ਐਸਾ ਅੰਮ੍ਰਿਤ ਹੈ, ਅਤੇ ਆਤਮਕ ਜੀਵਨ ਦੇਣ ਵਾਲਾ ਜਲ ਹੈ, ਜਿਸ ਦੇ ਪੀਤਿਆਂ ਮਾਇਆ ਦੀ ਤ੍ਰਿਸ਼ਨਾ ਦੂਰ ਹੋ ਜਾਂਦੀ ਹੈ। ਨਾਮੁ ਰੂਪੀ ਅੰਮ੍ਰਿਤ ਪੀਣ ਵਾਲੇ ਮਨੁੱਖ ਦਾ ਮਨ ਅਡੋਲ ਹੋ ਜਾਂਦਾ ਹੈ, ਸਦਾ ਥਿਰ ਰਹਿੰਣ ਵਾਲੇ ਅਕਾਲ ਪੁਰਖੁ ਵਿਚ ਰੰਗਿਆ ਜਾਂਦਾ ਹੈ, ਤੇ ਮਨੁੱਖ ਅਕਾਲ ਪੁਰਖੁ ਦੀ ਯਾਦ ਵਿਚ ਹੀ ਲੀਨ ਰਹਿੰਦਾ ਹੈ।

**ਸਿਰੀ ਰਾਗੁ ਮਹਲਾ ੩ ॥ ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥ ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥ ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ ॥੧॥ ਮੇਰੇ ਮਨ ਹਰਿ ਕਾ ਨਾਮੁ**

**ਧਿਆਇ ॥ ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥੧॥ਰਹਾਉ॥ ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥ ਖੇਤੀ ਜੰਮੀ ਅਗਲੀ ਮਨੂਆ ਰਜਾ ਸਹਿਜ ਸੁਭਾਇ ॥ ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥ ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥੨॥ {ਪੰਨਾ ੩੫}**

ਗੁਰੂ ਦਾ ਸੱਚਾ ਸੇਵਕ ਉਹ ਹੈ। ਜਿਸ ਦਾ ਮਨ, ਦੁਨੀਆ ਦੇ ਰਸਾਂ ਪਦਾਰਥਾਂ ਵਲ ਨਹੀਂ ਦੌੜਦਾ, ਤੇ ਆਪਣੇ ਅੰਤਰ ਆਤਮੇ ਹੀ ਅਕਾਲ ਪੁਰਖੁ ਦੇ ਚਰਨਾਂ ਵਿਚ ਟਿਕਿਆ ਰਹਿੰਦਾ ਹੈ। ਅਕਾਲ ਪੁਰਖੁ ਦਾ ਨਾਮ ਰੂਪੀ ਅੰਮ੍ਰਿਤ ਛੱਡ ਕੇ ਉਹ ਵਿਸ਼ਿਆਂ, ਵਿਕਾਰਾਂ ਦਾ ਜ਼ਹਿਰ ਨਹੀਂ ਖਾਂਦਾ ਹੈ। ਗੁਰੂ ਦਾ ਸੇਵਕ ਆਪਣੇ ਤੋਂ ਅਮੀਰਾਂ ਨੂੰ ਵੇਖ ਕੇ ਦੁਖੀ ਨਹੀਂ ਹੁੰਦਾਂ ਹੈ। ਬਲਕਿ ਛੋਟਿਆਂ ਵੱਲ ਵੇਖ ਕੇ ਆਪਣੇ ਅੰਦਰ ਅਕਾਲ ਪੁਰਖੁ ਲਈ ਸ਼ੁਕਰਾਨਾ ਪੈਦਾ ਕਰਦਾ ਹੈ। ਅਕਾਲ ਪੁਰਖੁ ਦਾ ਸੱਚਾ ਸੇਵਕ, ਅਕਾਲ ਪੁਰਖੁ ਨਾਲ ਡੂੰਘੀ ਸਾਂਝ ਕਾਇਮ ਕਰਦਾ ਹੈ। ਅਕਸਰ ਹਰ ਕੋਈ ਆਖਦਾ ਹੈ, ਕਿ ਮੈਨੂੰ ਗਿਆਨ ਪ੍ਰਾਪਤ ਹੋ ਗਿਆ ਹੈ, ਮੇਰੀ ਸੁਰਤਿ ਜੁੜੀ ਹੋਈ ਹੈ, ਪਰੰਤੂ ਵੇਖਣ ਵਿਚ ਇਹੀ ਆਉਂਦਾ ਹੈ, ਕਿ ਸਾਰਾ ਜਗਤ ਮਾਇਆ ਦੇ ਮੋਹ ਦੀ ਫਾਹੀ ਵਿਚ ਬੱਝਾ ਹੋਇਆ ਭਟਕ ਰਿਹਾ ਹੈ। ਜ਼ਬਾਨੀ ਆਖਿਆਂ ਅਸੀਂ ਅਕਾਲ ਪੁਰਖੁ ਦੇ ਸੇਵਕ ਨਹੀਂ ਬਣ ਸਕਦੇ ਹਾਂ।

**ਸੂਹੀ ਮਹਲਾ ੧ ਘਰੁ ੨ ॥ ੴ ਸਤਿਗੁਰ ਪ੍ਰਸਾਦਿ ॥ ਅੰਤਰਿ ਵਸੈ ਨ ਬਾਹਰਿ ਜਾਇ ॥ ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਇ ॥੧॥ ਐਸਾ ਗਿਆਨੁ ਜਪਹੁ ਮਨ ਮੇਰੇ ॥ ਹੋਵਹੁ ਚਾਕਰ ਸਾਚੇ ਕੇਰੇ ॥੧॥ ਰਹਾਉ ॥ {੭੨੮}**

ਅੱਜ ਕੱਲ ਦੇ ਟੀ: ਵੀ: ਦੇ ਪ੍ਰਚਾਰ ਅਤੇ ਫੈਸ਼ਨ ਕਰਕੇ ਕਈ ਬੱਚੇ ਬੱਚੀਆਂ ਨੇ ਸਿਰ ਮੁਨਾਉਣੇ ਸ਼ੁਰੂ ਕਰ ਦਿਤੇ ਹਨ। ਕਈ ਡੇਰਿਆਂ ਵਾਲੇ, ਮੋਨ ਵਰਤ ਅਤੇ ਤਰ੍ਹਾਂ ਤਰ੍ਹਾਂ ਦੇ ਕਰਮ ਕਾਂਡਾ ਦਾ ਪ੍ਰਚਾਰ ਵੀ ਕਰਦੇ ਹਨ। ਡੇਰੇ ਵਾਲਿਆਂ ਨੇ ਕੀਰਤਨ ਕਰਨ ਸਮੇਂ, ਕਈ ਤਰ੍ਹਾਂ ਦੀਆਂ ਟਿਊਨਾਂ ਅਤੇ ਹੱਥਾਂ ਦੇ ਇਸ਼ਾਰੇ ਵਰਤਣੇ ਸ਼ੁਰੂ ਕਰ ਦਿਤੇ ਹਨ, ਜਿਸ ਤਰ੍ਹਾਂ ਅਕਸਰ ਫਿਲਮੀ ਗਾਣਿਆਂ ਵਿਚ ਹੁੰਦਾਂ ਹੈ। ਉਹ ਤਰ੍ਹਾਂ ਤਰ੍ਹਾਂ ਦੇ ਭੇਖ ਬਣਾਉਂਦੇ ਹਨ, ਅਤੇ ਉਸ ਦਾ ਮਾਣ ਭੀ ਕਰਦੇ ਹਨ। ਇਸ ਤਰ੍ਹਾਂ ਕਰਨ ਨਾਲ ਲੋਕਾਂ ਦਾ ਇਕੱਠ ਬੜੀ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਲੋਕੀਂ ਭਾਰੀ ਗਿਣਤੀ ਵਿਚ ਪੈਸੇ ਖਰਚ ਕੇ ਫਿਲਮਾਂ ਅਤੇ ਡਾਨਸ ਵੇਖਣ ਤਾਂ ਜਾਂਦੇ ਹਨ। ਪਰੰਤੂ ਧਰਮ ਅਸਥਾਨ, ਜੋ ਮੁਫਤ ਹਨ, ਉਨ੍ਹਾਂ ਵਿਚ ਬਹੁਤ ਘੱਟ ਗਿਣਤੀ ਹੁੰਦੀ ਹੈ। ਇਹ ਇਸ ਕਰਕੇ ਹੁੰਦਾਂ ਹੈ, ਕਿਉਂਕਿ ਅਗਿਆਨੀ ਮਨੁੱਖ ਆਪਣੇ ਮਨ ਦੀ ਮਤ ਅਨੁਸਾਰ ਚਲਦਾ ਹੈ। ਮਨ ਵਿਚ ਇਤਨਾਂ ਬਲ ਹੈ, ਕਿ ਇਹ ਮਨੁੱਖ ਨੂੰ ਵਿਕਾਰਾਂ ਪਾਸੇ ਬੜੀ ਆਸਾਨੀ ਨਾਲ ਲਿਜਾ ਸਕਦਾ ਹੈ। ਇਹ ਸੱਭ ਕੁਝ ਮਾਇਆ ਦੀ ਤ੍ਰਿਸ਼ਨਾ ਕਰਕੇ ਹੋ ਰਿਹਾ ਹੈ। ਅੱਜਕੱਲ ਦੇ ਡੇਰੇ ਵਾਲਿਆਂ ਨੇ ਵੀ ਇਸੇ ਤਕਨੀਕ ਦਾ ਫਾਇਦਾ ਉਠਾਣਾਂ ਸ਼ੁਰੂ ਕੀਤਾ ਹੋਇਆ ਹੈ। ਜਿਸ ਕਰਕੇ ਲੋਕ ਭਾਰੀ ਗਿਣਤੀ ਵਿਚ ਉਨ੍ਹਾਂ ਵੱਲ ਖਿਚੇ ਜਾ ਰਹੇ ਹਨ। ਉਹ ਗੁਰਮਤਿ ਦਾ ਘੱਟ ਅਤੇ ਮਨਮੱਤ ਦਾ ਜ਼ਿਆਦਾ ਪ੍ਰਚਾਰ ਕਰਦੇ ਹਨ।

**ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥ ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥੫॥ (੧੦੧੩)**

ਭੇਖੀ ਮਨੁੱਖ ਮਾਇਆ ਦੇ ਪ੍ਰੇਮ ਵਿਚ ਰਹਿਣ ਕਰਕੇ ਅਕਾਲ ਪੁਰਖੁ ਦਾ ਨਾਮੁ ਰੂਪੀ ਅੰਮ੍ਰਿਤ ਛੱਡ ਦੇਂਦਾ ਹੈ ਤੇ ਤ੍ਰਿਸ਼ਨਾ ਦਾ ਜ਼ਹਿਰ ਪੀਂਦਾ ਰਹਿੰਦਾ ਹੈ। ਮਾਇਆ ਦੇ ਮੋਹ ਅਤੇ ਭਰਮਾਂ ਵਿਚ ਪੈ ਕੇ, ਅਸੀਂ ਸਹੀ ਜੀਵਨ ਦਾ ਰਾਹ ਭੁੱਲ ਗਏ ਹਾਂ। ਪੁੱਤਰ, ਇਸਤ੍ਰੀ ਨਾਲ ਅਸੀਂ ਇਤਨਾਂ ਪਿਆਰ ਪਾਇਆ ਹੋਇਆ ਹੈ। ਕਿ ਅਸੀਂ ਨਾਮੁ ਰੂਪੀ ਅੰਮ੍ਰਿਤ ਨੂੰ ਭੁਲ ਗਏ ਹਾਂ ਅਤੇ ਸਾਰੀ ਉਮਰ ਪੁੱਤਰ, ਇਸਤ੍ਰੀ ਦੀ ਖਾਤਰ ਦਿਨ ਰਾਤ ਕੰਮ ਕਰਕੇ ਮਾਇਆ ਇਕੱਠੀ ਕਰਦੇ ਰਹਿੰਦੇ ਹਾਂ।

**ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥ ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥ ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥ ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥ (੧੪੦੬)**

ਫਰਜ਼ ਕਰ ਲਓ, ਕਿ ਕਿਸੇ ਬਾਲਟੀ ਵਿਚ ਗੰਦਗੀ ਪਈ ਹੋਈ ਹੈ। ਹੁਣ ਜੇਕਰ ਕਿਸੇ ਨੂੰ ਵੀ ਕਹੋਗੇ ਕਿ ਇਸ ਗੰਦੀ ਬਾਲਟੀ ਵਿਚ ਤੁਸੀਂ, ਆਟਾ ਪਾ ਦਿਉ। ਇਸ ਨੂੰ ਵੇਖ ਕੇ ਤਾਂ ਕੋਈ ਵੀ ਪ੍ਰਸ਼ਨ ਕਰੇਗਾ ਕਿ ਇਸ ਗੰਦੀ ਬਾਲਟੀ ਵਿਚ ਆਟਾ ਪਾ ਕੇ ਕਿਉਂ ਖਰਾਬ ਕਰ ਰਹੇ ਹੋ। ਇਸੇ ਤਰ੍ਹਾਂ ਜੇਕਰ ਮਨੁੱਖ ਨੇ ਆਪਣੇ ਅੰਦਰੋਂ ਵਿਕਾਰ ਨਹੀਂ ਕੱਢੇ, ਸਿਰਫ ਮਾਇਆ ਦੇ ਮੋਹ ਅਤੇ ਭਰਮਾਂ ਵਿਚ ਹੀ ਫਸਿਆ ਹੋਇਆ ਹੈ, ਤਾਂ ਉਸ ਹਿਰਦੇ ਵਿਚ ਨਾਮੁ ਰੂਪੀ ਅੰਮ੍ਰਿਤ ਕਿਵੇਂ ਪਾਇਆ ਜਾ ਸਕਦਾ ਹੈ। ਅੰਮ੍ਰਿਤ (ਨਾਮੁ) ਅਤੇ ਬਿਖੁ (ਮਾਇਆ) ਦੋ ਫਲ ਹਨ। ਕਿਹੜਾ ਅੰਮ੍ਰਿਤ ਹੈ, ਉਹ ਵੀ ਸਬਦ ਗੁਰੂ ਨੇ ਦੱਸ ਦਿੱਤਾ ਹੈ। ਜੇਕਰ ਫੇਰ ਵੀ ਮਨੁੱਖ ਨਹੀਂ ਸੁਣਦਾ ਹੈ, ਤਾਂ ਫਿਰ ਅੰਤ ਵਿਚ ਪਛਤਾਉਂਦਾ ਹੈ। ਅਕਾਲ ਪੁਰਖੁ ਨਾਲੋਂ ਟੁੱਟੇ ਹੋਏ ਮਨੁੱਖ (ਸਾਕਤ) ਨੂੰ ਆਤਮਕ ਜੀਵਨ ਦੇਣ ਵਾਲਾ ਨਾਮੁ ਰੂਪੀ ਅੰਮ੍ਰਿਤ ਕੌੜਾ ਲੱਗਦਾ ਹੈ ਤੇ ਮਾਇਆ ਮਿੱਠੀ ਲੱਗਦੀ ਹੈ। ਸਾਕਤ ਮਨੁੱਖ ਸਦਾ ਨਾਸਵੰਤ ਪਦਾਰਥ ਵਿਚ, ਠੱਗੀ ਕਰਨ ਵਿਚ ਅਤੇ ਅਹੰਕਾਰ ਵਿਚ ਖ਼ੁਸ਼ ਰਹਿੰਦਾ ਹੈ। ਅਕਾਲ ਪੁਰਖੁ ਦਾ ਨਾਮੁ ਸੁਣਦਿਆਂ ਤਾਂ ਉਸ ਨੂੰ ਇਉਂ ਲਗਦਾ ਹੈ, ਜਿਵੇਂ ਉਸ ਨੂੰ ਬਿਛੂ (ਠੂੰਹਾਂ) ਡੰਗ ਮਾਰ ਜਾਂਦਾ ਹੈ।

**ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥ ਕੂੜਿ ਕਪਟਿ ਅਹੰਕਾਰਿ ਰੀਝਾਨਾ ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥੨॥ (੮੯੨-੮੯੩)**

**ਨਾਮੁ ਰੂਪੀ ਅੰਮ੍ਰਿਤ ਹਰੇਕ ਜੀਵ ਦੇ ਹਿਰਦੇ ਰੂਪੀ ਘਰ ਵਿਚ ਹੀ ਭਰਿਆ ਹੋਇਆ ਹੈ।** ਪਰੰਤੂ ਮਨਮੁਖਾਂ ਨੂੰ ਉਸ ਦਾ ਸੁਆਦ ਨਹੀਂ ਆਉਂਦਾ ਹੈ। ਜਿਵੇਂ ਹਿਰਨ ਆਪਣੀ ਨਾਭੀ ਵਿਚ ਪਈ ਕਸਤੂਰੀ ਨੂੰ ਨਹੀਂ ਸਮਝਦਾ ਤੇ ਭਰਮ ਵਿਚ ਭੁਲਿਆ ਹੋਇਆ ਭਟਕਦਾ ਰਹਿੰਦਾ ਹੈ।

ਤਿਵੇਂ ਹੀ ਮਨਮੁਖ, ਨਾਮੁ ਰੂਪੀ ਅੰਮ੍ਰਿਤ ਨੂੰ ਛੱਡ ਕੇ, ਬਿਖੁ ਨੂੰ ਇਕੱਠਾ ਕਰਦਾ ਰਹਿੰਦਾ ਹੈ। ਡੱਡੂ ਪਾਣੀ ਵਿਚ ਰਹਿ ਕੇ ਵੀ ਕੰਵਲ ਦੇ ਫੁੱਲ ਦੀ ਸੁਗੰਧੀ ਨਹੀਂ ਲੈਂਦਾਂ ਹੈ। ਪਰੰਤੂ ਭਵਰਾ ਦੂਰੋਂ ਲੈਣ ਲਈ ਆਉਂਦਾ ਹੈ। ਜਿਸ ਤਰ੍ਹਾਂ ਨਲਕੇ ਵਿਚੋਂ ਪਾਣੀ ਕੱਢਣ ਲਈ, ਬੋਕੀ ਵਿਚ ਪਾਣੀ ਪਾਉਣਾਂ ਪੈਂਦਾ ਹੈ। ਠੀਕ ਇਸੇ ਤਰ੍ਹਾਂ ਆਪਣੇ ਅੰਦਰੋ ਨਾਮੁ ਰੂਪੀ ਅੰਮ੍ਰਿਤ ਪੈਦਾ ਕਰਨ ਲਈ, ਖੰਡੇ ਬਾਟੇ ਕੀ ਪਾਹੁਲ ਜਰੂਰੀ ਹੈ। ਅੰਮ੍ਰਿਤ ਪ੍ਰਾਪਤ ਕਰਨ ਲਈ ਨਾਮੁ ਰੂਪੀ ਬੋਰ ਅਤੇ ਸਿਮਰਨ ਰੂਪੀ ਪਾਣੀ ਪਾਉਣਾਂ ਪਵੇਗਾ। ਤਾਂ ਪਾਣੀ (ਅੰਮ੍ਰਿਤ) ਪ੍ਰਾਪਤ ਹੋਵੇਗਾ। ਸਤਿਗੁਰੂ ਦੇ ਸ਼ਬਦ ਨਾਲ ਹੀ, ਨਾਮੁ ਦਾ ਅੰਕੁਰ ਹਿਰਦੇ ਵਿਚ ਉੱਗਦਾ ਹੈ ਤੇ ਸਤਿਗੁਰੂ ਦੇ ਸ਼ਬਦ ਰਾਹੀਂ ਹੀ ਅਕਾਲ ਪੁਰਖੁ ਨਾਲ ਮੇਲ ਹੁੰਦਾ ਹੈ। **ਗੁਰੂ ਦਾ ਸ਼ਬਦ ਹੀ, ਆਤਮਕ ਜੀਵਨ ਦੇਣ ਵਾਲਾ ਜਲ ਹੈ, ਜੋ ਸਤਿਗੁਰੂ ਦੇ ਸਨਮੁਖ ਹੋਣ ਵਾਲੇ ਮਨੁੱਖ ਨੂੰ ਮਿਲਦਾ ਹੈ।**

**ਮਃ ੩ ॥ ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥ ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥ ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥ ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥ ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥ ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥ ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥ ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥ (੬੪੪)**

ਜਿਸ ਤਰ੍ਹਾਂ ਅੱਗ ਨੂੰ ਠੰਡਾ ਕਰਨ ਲਈ ਅਤੇ ਬੁਝਾਣ ਲਈ ਪਾਣੀ ਚਾਹੀਦਾ ਹੈ। ਇਸੇ ਤਰ੍ਹਾਂ ਤ੍ਰਿਸ਼ਨਾ ਦੀ ਅੱਗ ਨੂੰ ਸ਼ਾਂਤ ਕਰਨ ਲਈ, ਨਾਮੁ ਰੂਪੀ ਅੰਮ੍ਰਿਤ ਦੀ ਲੋੜ ਹੈ। ਜਿਸ ਅੰਮ੍ਰਿਤ ਦੇ ਖ਼ਜ਼ਾਨੇ ਦੀ ਖ਼ਾਤਰ, ਅਸੀਂ ਇਸ ਜਗਤ ਵਿਚ ਆਏ ਹੋਏ ਹਾਂ, ਉਹ ਅੰਮ੍ਰਿਤ ਗੁਰੂ ਪਾਸੋਂ ਮਿਲਦਾ ਹੈ। ਇਸ ਅੰਮ੍ਰਿਤ ਨੂੰ ਪਾਉਣ ਲਈ ਧਾਰਮਿਕ ਭੇਖ ਦਾ ਪਹਿਰਾਵਾ ਛੱਡੋ, ਮਨ ਦੀ ਚਲਾਕੀ ਭੀ ਛੱਡੋ। ਬਾਹਰੋਂ ਸ਼ਕਲ ਧਰਮੀਆਂ ਵਾਲੀ, ਤੇ ਅੰਦਰੋਂ ਦੁਨੀਆਂ ਨੂੰ ਠੱਗਣ ਦੀ ਚਲਾਕੀ, ਇਸ ਦੋ-ਰੁਖ਼ੀ ਚਾਲ ਵਿਚ ਪਿਆਂ, ਇਹ ਅੰਮ੍ਰਿਤ-ਫਲ ਨਹੀਂ ਮਿਲ ਸਕਦਾ ਹੈ। ਗੁਰੂ ਪੈਸੇ ਜਾਂ ਚੀਜ਼ਾਂ ਨਹੀਂ ਮੰਗਦਾ ਹੈ। ਗੁਰੂ ਸਾਹਿਬ ਤਾਂ ਸਮਝਾਉਂਦੇ ਹਨ, ਕਿ ਔਗੁਣ ਛੱਡ ਕੇ, ਗੁਣ ਹਾਸਲ ਕਰੋ। ਜੇ ਔਗੁਣ ਹੀ ਕਰਦੇ ਰਹਾਂਗੇ ਤਾਂ ਪਛੁਤਾਉਣਾ ਪਵੇਗਾ। ਇਹ ਆਮ ਭੁਲੇਖਾ ਹੈ, ਕਿ ਅਸੀਂ ਮਾਇਆ, ਗੁਰੂ ਨੂੰ ਭੇਟ ਕਰਦੇ ਹਾਂ। ਸਿੱਖ ਪੈਸਿਆਂ ਦੀ ਕਸੌਟੀ ਨਾਲ ਨਹੀਂ ਪਰਖਿਆ ਜਾਂਦਾ ਹੈ। ਅਸੀਂ ਤਾਂ ਗੁਰੂ ਕੋਲੋ ਮੰਗਦੇ ਹਾਂ। ਫਿਰ ਅਸੀਂ ਗੋਲਕ ਵਿਚ ਪਾ ਕੇ, ਗੁਰੂ ਨੂੰ ਦੇਣ ਵਾਲੇ ਕਿਸ ਤਰ੍ਹਾਂ ਹੋ ਗਏ। ਗੋਲਕ ਵਿਚ ਤਾਂ ਅਸੀਂ ਗੁਰੂ ਘਰ ਦੇ ਕਾਰਜ ਕਰਨ ਲਈ ਸੰਸਥਾ ਨੂੰ ਦੇਂਦੇ ਹਾਂ। ਇਹ ਗੁਰੂ ਦੇ ਨਮਿਤ ਹੈ, ਅਸੀਂ ਗੁਰੂ ਨੂੰ ਨਹੀਂ ਦੇ ਰਹੇ ਹਾਂ। ਪਰਖ ਇਹ ਹੈ, ਕਿ ਅਸੀਂ ਆਪਣੇ ਆਪ ਨੂੰ ਕਿੰਨਾ ਕੁ ਗੁਰੂ ਦੇ ਹਵਾਲੇ ਕੀਤਾ ਹੈ। ਗੁਰੂ ਦੇ ਬਚਨਾਂ ਤੇ ਤੁਰਿਆਂ ਹੀ ਸਦਾ-ਥਿਰ ਰਹਿਣ ਵਾਲਾ ਅੰਮ੍ਰਿਤ ਰੂਪੀ ਫਲ ਪਾਇਆ ਜਾ ਸਕਦਾ ਹੈ।

**ਸੋਰਠਿ ਮਹਲਾ ੧ ॥ ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥ ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥ ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥ ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥ ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥ ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥ ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥ ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥ ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥ ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥ (੫੯੮)**

ਜਿਹੜਾ ਮਨੁੱਖ ਅਕਾਲ ਪੁਰਖੁ ਦੇ ਹੁਕਮ ਅਨੁਸਾਰ ਚਲਦਾ ਅਤੇ ਸੇਵਾ ਕਰਦਾ ਹੈ, ਸਮਾਜ ਵਿਚ ਹਰੇਕ ਬੰਦਾ ਉਸ ਮਨੁੱਖ ਦਾ ਆਦਰ, ਮਾਨ ਤੇ ਸਤਿਕਾਰ ਕਰਦਾ ਹੈ। ਅਕਾਲ ਪੁਰਖੁ ਦਾ ਨਾਮੁ ਜਪਿਆਂ ਸਦਾ ਹਿਰਦੇ ਵਿਚ ਸੁਖ ਪੈਦਾ ਹੁੰਦਾ ਹੈ, ਮਨ ਵਿਚ ਠੰਢ ਤੇ ਸ਼ਾਂਤੀ ਆ ਵੱਸਦੀ ਹੈ। ਗੁਰੂ ਦੀ ਆਗਿਆ ਵਿਚ ਤੁਰ ਕੇ ਨਾਮੁ ਜਪਣ ਵਾਲੇ ਬੰਦੇ ਦੀ ਖ਼ੁਰਾਕ ਤੇ ਪੁਸ਼ਾਕ ਅੰਮ੍ਰਿਤ-ਨਾਮ ਹੀ ਹੋ ਜਾਂਦੀ ਹੈ। ਭਾਵ, ਅਕਾਲ ਪੁਰਖੁ ਦਾ ਨਾਮੁ ਹੀ ਉਸਦੀ ਜ਼ਿੰਦਗੀ ਦਾ ਆਸਰਾ ਹੋ ਜਾਂਦਾ ਹੈ।

**ਸਲੋਕੁ ਮਃ ੩ ॥ ਜਿ ਸਤਿਗੁਰੁ ਸੇਵੇ ਆਪਣਾ ਤਿਸ ਨੋ ਪੂਜੇ ਸਭੁ ਕੋਇ ॥ ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿ ਨਾਮੁ ਪਰਾਪਤਿ ਹੋਇ ॥ ਅੰਤਰਿ ਸੀਤਲ ਸਾਤਿ ਵਸੈ ਜਪਿ ਹਿਰਦੈ ਸਦਾ ਸੁਖੁ ਹੋਇ ॥ ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨ੍ਣਾ ਨਾਨਕ ਨਾਮੁ ਵਡਾਈ ਹੋਇ ॥੧॥ {ਪੰਨਾ ੫੧੧}**

ਜੇਕਰ ਬੱਚੇ ਨੂੰ ਦੱਸਿਆ ਜਾਵੇ, ਕਿ ਉਸ ਦਾ ਮਾਤਾ ਤੇ ਪਿਤਾ ਕੌਣ ਹੈ। ਤਾਂ ਉਹ ਸਾਰੀ ਉਮਰ ਨਹੀਂ ਭੁਲਦਾ ਹੈ। ਇਸ ਤਰ੍ਹਾਂ ਜੇਕਰ ਬੱਚੇ ਨੂੰ ਬਚਪਨ ਵਿਚ ਹੀ ਨਾਮੁ ਰੂਪੀ ਅੰਮ੍ਰਿਤ ਲਈ ਪ੍ਰੇਰਿਆ ਜਾਵੇ ਅਤੇ ਗੁਰਦੇਵ ਮਾਤਾ, ਗੁਰਦੇਵ ਪਿਤਾ ਬਾਰੇ ਦੱਸਿਆ ਜਾਵੇ ਤਾਂ ਉਹ ਬੱਚਾ, ਕਦੇ ਵੀ ਜੀਵਨ ਵਿਚ ਭਟਕੇਗਾ ਨਹੀਂ। ਇਸ ਤਰ੍ਹਾਂ ਦਾ ਪਰਿਵਾਰ ਹਮੇਸ਼ਾ ਗੁਰਮਤਿ ਅਨੁਸਾਰ ਚਲ ਕੇ ਆਨੰਦਮਈ ਜੀਵਨ ਬਤੀਤ ਕਰਦਾ ਹੈ।

**ਸਿੱਖ ਨੂੰ ਖੰਡੇ ਬਾਟੇ ਕੀ ਪਾਹੁਲ ਛਕਾਉਣ ਸਮੇਂ ਜੋ ਵੀ ਰਵਾਇਤਾਂ ਕੀਤੀਆਂ ਜਾਂਦੀਆਂ ਹਨ। ਉਹ ਫੋਕਟ ਕਰਮ ਕਾਂਡ ਨਹੀਂ ਹਨ। ਉਨ੍ਹਾਂ ਦੀ ਸਿੱਖ ਧਰਮ ਅਨੁਸਾਰ ਖਾਸ ਮਹੱਤਤਾ ਹੈ। ਸਾਰੀਆਂ ਰਵਾਇਤਾਂ ਗੁਰਬਾਣੀ ਦੀ ਮਤ ਅਨੁਸਾਰ ਚਲਣ ਲਈ ਪ੍ਰੇਰਨਾਂ ਦੇਂਦੀਆਂ ਹਨ।**

**ਸਿੱਖ ਨੂੰ ਖੰਡੇ ਬਾਟੇ ਕੀ ਪਾਹੁਲ ਛਕਾਉਣ ਸਮੇਂ ਪੰਜ ਛਿਟੇ ਸਿਰ ਵਿਚ ਪਾਏ ਜਾਂਦੇ ਹਨ।** ਮਨੁੱਖ ਦੀ ਸਾਰੀ ਸੋਚ ਉਸ ਦੇ ਦਿਮਾਗ, ਭਾਵ ਸਿਰ ਵਿਚ ਹੁੰਦੀ ਹੈ। ਜਿਹੜਾ ਮਨੁੱਖ ਆਪਣੇ ਮਨ ਦੀ ਸੋਚ ਅਨੁਸਾਰ ਚਲਦਾ ਹੈ। ਉਹ ਮਨਮਤਿ ਵੱਲ ਜਾਂਦਾ ਹੈ। ਫਿਰ ਉਹ ਜੀਵਨ ਦੇ ਰਸਤੇ ਤੋਂ ਭਟਕ ਜਾਂਦਾ ਹੈ। ਸਿੱਖ ਨੇ ਗੁਰੂ ਦੀ ਮਤ (ਗੁਰਮਤਿ) ਅਨੁਸਾਰ ਚਲਣਾਂ ਹੈ।

**ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ ॥ (੬੬੭)**

**ਪੰਜ ਛਿਟੇ ਅੱਖਾਂ ਵਿਚ ਪਾਏ ਜਾਂਦੇ ਹਨ।** ਸਿੱਖ ਨੇ ਕਿਸੇ ਨੂੰ ਬੁਰੀ ਨਜ਼ਰ ਨਾਲ ਨਹੀਂ ਵੇਖਣਾ ਹੈ। ਭਾਈ ਘਨੀਆ ਜੀ ਦੀ ਤਰ੍ਹਾਂ ਹਰੇਕ ਵਿਚ ਅਕਾਲ ਪੁਰਖੁ ਦਾ ਰੂਪ ਹੀ ਵੇਖਣਾ ਹੈ।

**ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥ ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥ ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥ ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥ ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥ (੯੨੨)**

**ਪੰਜ ਛਿਟੇ ਮੂੰਹ ਵਿਚ ਪਾਏ ਜਾਂਦੇ ਹਨ।** ਸਿੱਖ ਨੇ ਕਿਸੇ ਨੂੰ ਬੁਰਾ ਨਹੀਂ ਬੋਲਣਾ ਹੈ। ਇਸ ਰਸਨਾ ਰਾਹੀਂ ਸਤਿਕਾਰ ਨਾਲ ਗੁਰਬਾਣੀ ਪੜ੍ਹਨੀ ਹੈ। ਰੋਜਾਨਾ ਨੇਮ ਨਾਲ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦਾ ਅਧਿਅਨ ਕਰਨਾ ਹੈ। ਗੁਰਬਾਣੀ ਰਾਹੀਂ ਗਿਆਨ ਹਾਸਲ ਕਰਨਾ ਹੈ, ਕਿ ਸਿੱਖ ਧਰਮ ਕੀ ਹੈ?, ਅਕਾਲ ਪੁਰਖੁ ਦਾ ਨਾਮੁ ਕਿਸ ਤਰ੍ਹਾਂ ਜਪਨਾ ਹੈ?, ਜੀਵਨ ਵਿਚ ਕਿਸ ਤਰ੍ਹਾਂ ਚਲਣਾ ਹੈ?

**ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥੧॥ ਮਨ ਰੇ ਨਾਮੁ ਜਪਹੁ ਸੁਖੁ ਹੋਇ ॥ ਗੁਰੁ ਪੂਰਾ ਸਾਲਾਹੀਐ ਸਹਜਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥ (੬੭)**

**ਸਾਰੇ ਸਿੰਘਾਂ ਨੂੰ ਇਕੋ ਬਾਟੇ ਵਿਚੋਂ ਖੰਡੇ ਬਾਟੇ ਕੀ ਪਾਹੁਲ ਦੀ ਦਾਤ ਦਿਤੀ ਜਾਂਦੀ ਹੈ। ਤਾਂ ਜੋ ਆਪਸੀ ਭੇਦ ਭਾਵ ਸਮਾਪਤ ਕਰ ਦਿਤਾ ਜਾਵੇ।** ਪਹਾੜੀ ਰਾਜਿਆਂ ਅਤੇ ਉੱਚੀ ਜਾਤ ਵਾਲਿਆਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਕਿਹਾ ਸੀ, ਕਿ ਸਾਨੂੰ ਵਖਰੀ ਖੰਡੇ ਬਾਟੇ ਕੀ ਪਾਹੁਲ ਛਕਾਉ। ਪਰੰਤੂ ਗੁਰੂ ਸਾਹਿਬ ਨੇ ਇਹ ਪ੍ਰਵਾਨ ਨਹੀਂ ਕੀਤਾ ਸੀ। ਗੁਰਮਤਿ ਸਾਂਝੀਵਾਲਤਾ ਦਾ ਸੰਦੇਸ਼ਾ ਦੇਂਦੀ ਹੈ।

**ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫੀ, ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ।੧੫।੧੫। (ਪਾਤਸ਼ਾਹੀ ੧੦)**

**ਜੇਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਅੰਮ੍ਰਿਤ ਸਬੰਧੀ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਕਹਿ ਸਕਦੇ ਹਾਂ ਕਿ:**

- ਗੁਰੂ ਦੇ ਹੁਕਮ ਅਨੁਸਾਰ ਚਲਣ ਲਈ ਸਿੱਖ ਦਾ ਗੁਰਬਾਣੀ ਦਾ ਅੰਮ੍ਰਿਤ ਛਕਣਾ ਜਰੂਰੀ ਹੈ।
- ਹਰੇਕ ਸਿੱਖ ਲਈ ਗੁਰਬਾਣੀ ਦਾ ਅੰਮ੍ਰਿਤ, ਮਨ ਅਤੇ ਤਨ ਦੋਵਾਂ ਲਈ ਜਰੂਰੀ ਹੈ।
- ਤਨ ਲਈ ਅਤੇ ਗੁਰੂ ਨਾਲ ਪ੍ਰਣ ਕਰਨ ਲਈ ਖੰਡੇ ਬਾਟੇ ਕੀ ਪਾਹੁਲ ਜਰੂਰੀ ਹੈ।
- ਮਨ ਅਤੇ ਆਤਿਮਿਕ ਸਿਖਿਆ ਲਈ ਗੁਰਬਾਣੀ ਦਾ ਅੰਮ੍ਰਿਤ ਜਰੂਰੀ ਹੈ।
- ਪੰਜ ਕਕਾਰ ਸਿੱਖੀ ਦੇ ਅਸੂਲਾਂ ਤੇ ਚਲਣ ਲਈ ਜਰੂਰੀ ਹਨ।
- ਸਿਰਫ ਖੰਡੇ ਬਾਟੇ ਕੀ ਪਾਹੁਲ ਛਕ ਲੈਂਣੀ ਹੀ ਕਾਫੀ ਨਹੀਂ। ਖੰਡੇ ਬਾਟੇ ਕੀ ਪਾਹੁਲ ਛਕਣ ਦੇ ਨਾਲ ਨਾਲ ਗੁਰਬਾਣੀ ਵਿਚ ਦਰਸਾਈ ਗਈ ਰਹਿਤ ਮਰਯਾਦਾ ਅਨੁਸਾਰ ਰਹਿੰਣਾਂ ਵੀ ਬਹੁਤ ਜਰੂਰੀ ਹੈ।
- ਸਿੱਖ ਧਰਮ ਅਨੁਸਾਰ ਅਕਾਲ ਪੁਰਖੁ ਵੀ ਇਕ ਹੈ ਅਤੇ ਅੰਮ੍ਰਿਤੁ ਵੀ ਇਕ ਹੀ ਹੈ।
- ਗੁਰੂ ਦੀ ਬਾਣੀ ਵਿਚ ਆਤਮਕ ਜੀਵਨ ਦੇਣ ਵਾਲਾ ਨਾਮੁ ਰੂਪੀ ਅੰਮ੍ਰਿਤ ਹੈ।
- ਅਕਾਲ ਪੁਰਖੁ ਦਾ ਨਾਮੁ ਐਸਾ ਅੰਮ੍ਰਿਤ ਹੈ, ਜਿਸ ਨੂੰ ਪੀਤਿਆਂ ਮਾਇਆ ਦੀ ਤ੍ਰਿਹ ਮਿਟ ਜਾਂਦੀ ਹੈ।
- ਨਾਮੁ ਰੂਪੀ ਅੰਮ੍ਰਿਤ ਹਰੇਕ ਜੀਵ ਦੇ ਹਿਰਦੇ ਰੂਪੀ ਘਰ ਵਿਚ ਹੀ ਭਰਿਆ ਹੋਇਆ ਹੈ।
- ਸਤਿਗੁਰੂ ਦੇ ਸ਼ਬਦ ਨਾਲ ਹੀ, ਅਕਾਲ ਪੁਰਖੁ ਦੇ ਨਾਮੁ ਦਾ ਅੰਕੁਰ ਹਿਰਦੇ ਵਿਚ ਉੱਗਦਾ ਹੈ, ਤੇ ਸ਼ਬਦ ਦੇ ਰਾਹੀਂ ਅਕਾਲ ਪੁਰਖੁ ਨਾਲ ਮੇਲ ਹੁੰਦਾ ਹੈ।
- ਜੇਕਰ ਗੁਰੂ ਦੇ ਅਸਲੀ ਪੁੱਤਰ ਬਣ ਜਾਵਾਂਗੇ ਤਾਂ ਗੁਰੂ ਵੀ ਸਾਡੀ ਹਰ ਮੁਸ਼ਕਲ ਵਿਚ ਰੱਖਿਆ ਕਰੇਗਾ।
- ਅੰਮ੍ਰਿਤ ਦੀ ਦਾਤ ਲੈਣ ਵਿਚ ਦੇਰੀ ਨਹੀਂ ਕਰਨੀ ਹੈ। ਇਕ ਵਾਰੀ ਦਾ ਬੀਤਿਆ ਸਮਾਂ ਦੁਬਾਰਾ ਵਾਪਿਸ ਨਹੀਂ ਆਉਂਦਾ ਹੈ।
- ਗੁਰੂ ਸਾਹਿਬ ਦੀ ਆਗਿਆ ਵਿਚ ਤੁਰ ਕੇ ਅਕਾਲ ਪੁਰਖੁ ਦਾ ਨਾਮੁ ਜਪਣ ਵਾਲੇ ਬੰਦੇ ਲਈ, ਅਕਾਲ ਪੁਰਖੁ ਦਾ ਨਾਮੁ ਹੀ ਉਸਦੀ ਜ਼ਿੰਦਗੀ ਦਾ ਆਸਰਾ ਹੋ ਜਾਂਦਾ ਹੈ।

- ਜੇਕਰ ਬੱਚੇ ਨੂੰ ਬਚਪਨ ਵਿਚ ਹੀ ਨਾਮੁ ਰੁਪੀ ਅੰਮ੍ਰਿਤ ਲਈ ਪ੍ਰੇਰਿਆ ਜਾਵੇ ਤਾਂ ਉਹ ਬੱਚਾ ਜੀਵਨ ਵਿਚ ਕਦੇ ਵੀ ਭਟਕੇਗਾ ਨਹੀਂ।
- ਸਿੱਖ ਨੂੰ ਖੰਡੇ ਬਾਟੇ ਕੀ ਪਾਹੁਲ ਛਕਾਉਣ ਸਮੇਂ ਜੋ ਵੀ ਰਵਾਇਤਾਂ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਦੀ ਸਿੱਖ ਧਰਮ ਅਨੁਸਾਰ ਖਾਸ ਮਹੱਤਤਾ ਹੈ।

**ਇਸ ਲਈ ਹਰੇਕ ਸਿੱਖ ਲਈ ਗੁਰਬਾਣੀ ਦਾ ਅੰਮ੍ਰਿਤ ਲੈਣਾਂ ਬਹੁਤ ਜਰੂਰੀ ਹੈ। ਗੁਰੂ ਘਰ ਦੀਆਂ ਪ੍ਰਬੰਧਕ ਕਮੇਟੀਆਂ ਦੇ ਮੈਬਰਾਂ ਨੇ ਦੂਸਰਿਆਂ ਨੂੰ ਪ੍ਰੇਰਨਾ ਦੇਣੀ ਹੁੰਦੀ ਹੈ। ਇਸ ਲਈ ਪ੍ਰਬੰਧਕ ਕਮੇਟੀਆਂ ਦੇ ਮੈਬਰਾਂ ਲਈ ਗੁਰਬਾਣੀ ਦਾ ਅੰਮ੍ਰਿਤ ਲੈਣਾਂ ਬਹੁਤ ਜਰੂਰੀ ਹੈ। ਖੰਡੇ ਬਾਟੇ ਕੀ ਪਾਹੁਲ ਦੀ ਰਵਾਇਤ ਪੂਰੀ ਕਰਨੀ ਕਾਫੀ ਨਹੀਂ ਹੈ, ਉਸ ਦੇ ਨਾਲ ਨਾਲ, ਗੁਰਮਤਿ ਦੇ ਅਸੂਲਾਂ ਵਿਚ ਪਰਪੱਕ ਹੋਣਾਂ ਵੀ ਬਹੁਤ ਜਰੂਰੀ ਬਣ ਜਾਂਦਾ ਹੈ।**

**ਇਸ ਲਈ ਆਉ ਸਾਰੇ ਜਾਣੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦਾ ਅੰਮ੍ਰਿਤ ਛਕ ਕੇ ਗੁਰੂ ਨਾਲ ਸਦੀਵੀ ਸਬੰਧ ਕਾਇਮ ਕਰੀਏ। ਖੰਡੇ ਬਾਟੇ ਕੀ ਪਾਹੁਲ ਛਕ ਕੇ ਗੁਰੂ ਨਾਲ ਪ੍ਰਣ ਕਰੀਏ ਅਤੇ ਆਪਣੇ ਇਰਾਦੇ ਤੇ ਪੱਕਾ ਰਹੀਏ, ਗੁਰੂ ਵਾਲੇ ਬਣੀਏ ਅਤੇ ਗੁਰੂ ਕਿਰਪਾ ਨਾਲ ਆਪਣੇ ਜੀਵਨ ਵਿਚ ਖ਼ੁਸ਼ੀਆਂ ਪ੍ਰਾਪਤ ਕਰੀਏ।**

***ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥ ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ ॥ ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ ॥੨॥ (੪੪)***

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

( ਡਾ: ਸਰਬਜੀਤ ਸਿੰਘ )
ਆਰ ਐਚ ੧ / ਈ - ੮, ਸੈਕਟਰ - ੮,
ਵਾਸ਼ੀ, ਨਵੀਂ ਮੁੰਬਈ - ੪੦੦੭੦੩.
Email = sarbjitsingh@yahoo.com
http://www.geocities.ws/sarbjitsingh/

(Dr. Sarbjit Singh)
RH1 / E-8, Sector-8,
Vashi, Navi Mumbai - 400703.
Email = sarbjitsingh@yahoo.com
http://www.geocities.ws/sarbjitsingh/